BRITISH
COLUMBIA

# ਬੈਂਕ ਅਕਾਊਂਟ ਖੋਲ੍ਹਣ ਬਾਰੇ ਜਾਣਕਾਰੀ

ਕਿਸੇ ਬੈਂਕ ਜਾਂ ਕਰੈਡਿਟ ਯੂਨੀਅਨ ਵਿਚ ਅਕਾਊਂਟ ਖੋਲ੍ਹਣ ਲਈ ਤੁਹਾਨੂੰ ਇਹ ਚੀਜ਼ਾਂ ਕਰਨ ਦੀ ਲੋੜ ਪਵੇਗੀ:

ਬੈਂਕ ਜਾਂ ਕਰੈਡਿਟ ਯੂਨੀਅਨ ਵਿਚ ਜਾਉ ਅਤੇ ਇਕ ਫਾਰਮ ਭਰੋ ਜਿਸ ਵਿਚ ਤੁਹਾਨੂੰ ਆਪਣਾ ਨਾਂ, ਐਡਰੈਸ, ਜੇ ਕੰਮ ਕੀਤਾ ਹੋਵੇ ਤਾਂ ਕੰਮ ਦਾ ਵੇਰਵਾ, ਅਤੇ ਨਿੱਜੀ ਜਾਣਕਾਰੀ ਭਰਨੀ ਪਵੇਗੀ।

.

ਆਪਣੀ ਪਛਾਣ ਕਰਨ ਵਾਲੀਆਂ ਘੱਟੋ ਘੱਟ 2 ਚੀਜ਼ਾਂ ਆਪਣੇ ਨਾਲ ਲੈ ਕੇ ਆਉ, ਜਿਵੇਂ ਕਿ:

ਗੱਡੀ ਚਲਾਉਣ ਦਾ ਵਾਜਬ ਲਾਇਸੰਸ
ਪਾਸਪੋਰਟ
ਸੋਸ਼ਲ ਇਨਸ਼ੋਰੈਂਸ ਕਾਰਡ
ਜਨਮ ਦਾ ਸਰਟੀਫਿਕੇਟ
ਬ੍ਰਿਟਿਸ਼ ਕੋਲੰਬੀਆ ਦਾ ਪਛਾਣ-ਪੱਤਰ

ਘੱਟੋ ਘੱਟ ਇਕ ਪਛਾਣ-ਪੱਤਰ ਤੇ ਤੁਹਾਡੇ ਦਸਤਖਤ ਅਤੇ ਮੌਜੂਦਾ ਐਡਰੈਸ ਜ਼ਰੂਰ ਹੋਣੇ ਚਾਹੀਦੇ ਹਨ। ਤੁਹਾਡੀ ਤਸਵੀਰ, ਦਸਤਖਤ ਅਤੇ ਮੌਜੂਦਾ ਐਡਰੈਸ ਵਾਲਾ ਪਛਾਣ-ਪੱਤਰ ਸੱਭ ਤੋਂ ਵਧੀਆ ਹੈ।

ਬੈਂਕ ਅਕਾਊਂਟ ਖੋਲ੍ਹਣ ਦਾ ਤੁਹਾਨੂੰ ਕੋਈ ਖਰਚ ਨਹੀਂ ਦੇਣਾ ਪਵੇਗਾ। ਕਰੈਡਿਟ ਯੂਨੀਅਨ ਵਿਚ ਅਕਾਊਂਟ ਖੋਲ੍ਹਣ ਲਈ ਤੁਹਾਨੂੰ ਮੈਂਬਰ ਬਣਨ ਲਈ ਮੈਂਬਰਸ਼ਿਪ ਫੀਸ ਦੇਣੀ ਪੈ ਸਕਦੀ ਹੈ।

ਜਦੋਂ ਤੁਸੀਂ ਆਪਣਾ ਅਕਾਊਂਟ ਖੋਲ੍ਹ ਲਿਆ ਤਾਂ ਤੁਹਾਡਾ ਮਾਲਕ (ਇਮਪਲੌਏਅਰ) ਤੁਹਾਡੇ ਅਕਾਊਂਟ ਵਿਚ ਸਿੱਧੇ ਪੈਸੇ ਜਮ੍ਹਾਂ ਕਰਵਾ ਸਕੇਗਾ।

ਆਪਣੇ ਮਾਲਕ ਨੂੰ ਤੁਹਾਡੇ ਅਕਾਊਂਟ ਵਿਚ ਪੈਸੇ ਜਮ੍ਹਾਂ ਕਰਵਾਉਣ ਲਈ ਕਹਿਣ ਲਈ ਤੁਹਾਨੂੰ ਅੱਗੇ ਵਾਲਾ ਫਾਰਮ ਜਾਂ ਇਸ ਵਰਗਾ ਹੋਰ ਫਾਰਮ ਭਰਨ ਦੀ ਲੋੜ ਪਵੇਗੀ।

ਤੁਹਾਨੂੰ ਆਪਣੇ ਮਾਲਕ ਨੂੰ ਆਪਣੇ ਅਕਾਊਂਟ ਬਾਰੇ ਜਾਣਕਾਰੀ ਦੇਣ ਦੀ ਵੀ ਲੋੜ ਪਵੇਗੀ। ਤੁਸੀਂ ਆਪਣੀ ਇਕ ਚੈੱਕ ਵਰਤ ਸਕਦੇ ਹੋ ਜਿਸ ਤੇ ਤੁਸੀਂ ਵੱਡੇ ਅੱਖਰਾਂ ਵਿਚ VOID ਲਿਖੋਗੇ, ਜਾਂ ਆਪਣਾ ਅਕਾਊਂਟ ਖੋਲ੍ਹਣ ਵੇਲੇ ਤੁਸੀਂ ਇਕ ਡਿਪਾਜ਼ਿਟ ਸਲਿਪ ਮੰਗ ਸਕਦੇ ਹੋ ਜਿਸ ਤੇ ਤੁਹਾਡਾ ਅਕਾਊਂਟ ਨੰਬਰ ਲਿਖਿਆ ਹੁੰਦਾ ਹੈ।

Ministry of Skills Development and Labour
Employment Standards Branch
Mailing Address:
#101-10475 138 Street
Surrey, BC V3T 4K4
Telephone: (604) 586-4251
Facsimile: (604) 586-4249

# ਪੈਸੇ ਸਿੱਧੇ ਜਮ੍ਹਾਂ ਕਰਵਾਉਣ ਲਈ ਬੇਨਤੀ

**ਮੁਲਾਜ਼ਮ ਦਾ ਨਾਂ:** ____________________________________________

**ਕੰਪਨੀ ਦਾ ਨਾਂ/ਸੰਸਥਾ**: __________________________________________

ਨੂੰ ਇਹ ਅਧਿਕਾਰ ਹੈ ਅਤੇ ਬੇਨਤੀ ਹੈ ਕਿ ਮੈਨੂੰ ਮਿਲਣ ਵਾਲੇ ਪੈਸੇ, ਹੇਠਾਂ ਦੱਸੀ ਬੈਂਕ ਜਾਂ ਕਰੈਡਿਟ ਯੂਨੀਅਨ ਵਿਚਲੇ ਮੇਰੇ ਅਕਾਊਂਟ ਵਿਚ ਉਦੋਂ ਤੱਕ ਜਮ੍ਹਾਂ ਕਰਵਾਉਂਦੀ ਰਹੇ ਜਦੋ ਤੱਕ ਮੈਂ ਲਿਖਤੀ ਰੂਪ ਵਿਚ ਕੈਂਸਲ ਨਹੀਂ ਕਰ ਦਿੰਦਾ/ਦਿੰਦੀ।

______________________________ ______________________________

ਦਸਤਖਤ ਤਰੀਕ

**ਬੈਂਕ ਜਾਂ ਕਰੈਡਿਟ ਯੂਨੀਅਨ**: ______________________________________

**ਐਡਰੈਸ**: ______________________________________________

**ਜੇ ਤੁਸੀ ਇਹ ਫਾਰਮ ਭਰਦੇ ਹੋ ਤਾਂ ਤੁਹਾਡਾ ਮਾਲਕ ਤੁਹਾਡੇ ਅਕਾਊਂਟ ਵਿਚੋਂ ਪੈਸੇ ਕਢਵਾ ਨਹੀਂ ਸਕਦਾ। ਤੁਹਾਡਾ ਮਾਲਕ ਤੁਹਾਡੇ ਅਕਾਊਂਟ ਵਿਚ ਸਿਰਫ ਪੈਸੇ ਰੱਖ ਸਕਦਾ ਹੈ।**